Australian Government
Department of Home Affairs

# ਮੇਰੇ ਕੋਲ ਪੱਕੇ ਤੌਰ ਤੇ ਰਹਿਣ ਦਾ (ਪਰਮਾਨੈਂਟ) ਵੀਜ਼ਾ ਹੈ

ਪੱਕੇ ਵਸਨੀਕ (PR) ਵੀਜ਼ਾਧਾਰਕ ਆਸਟ੍ਰੇਲੀਆ ਵਿੱਚ ਹਮੇਸ਼ਾਂ ਲਈ ਰਹਿ ਸਕਦੇ ਹਨ ਪਰ ਜੇ ਤੁਸੀਂ ਆਸਟ੍ਰੇਲੀਆ ਤੋਂ ਜਾਣ ਅਤੇ ਵਾਪਸ ਆਉਣ ਬਾਰੇ ਸੋਚ ਰਹੇ ਹੋ, ਤੁਹਾਨੂੰ ਆਪਣੇ ਪੱਕੇ ਵਸਨੀਕ ਵਾਲੇ ਵੀਜ਼ੇ ਉਪਰ ਸਫਰ ਕਰਨ ਦੀ ਸਹੂਲਤ ਦੀ ਮਿਆਦ ਨੂੰ ਵੇਖਣ ਦੀ ਲੋੜ ਹੋਵੇਗੀ (ਆਮ ਤੌਰ ਤੇ ਪੰਜ-ਸਾਲ ਦੀ ਮਿਆਦ)।

ਤੁਸੀਂ ਇਸ ਤਰ੍ਹਾਂ ਜਾਂਚ ਸਕਦੇ ਹੋ:

- VEVO ਦੀ ਸੇਵਾ ਨੂੰ ਵਰਤ ਕੇ, ਜਾਂ
- ਆਪਣੇ ImmiAccount ਦੇ ਰਾਹੀਂ ਆਪਣੀਆਂ ਵੀਜ਼ੇ ਦੀਆਂ ਸ਼ਰਤਾਂ ਤੱਕ ਪਹੁੰਚ ਕਰਕੇ।

ਜੇਕਰ ਤੁਸੀਂ ਆਸਟ੍ਰੇਲੀਆ ਵਿੱਚ ਆਰਜ਼ੀ ਵੀਜ਼ੇ ਤੇ ਦਾਖਲ ਹੁੰਦੇ ਹੋ ਜਦੋਂ ਤੁਹਾਡੇ ਪੱਕੇ ਵਸਨੀਕ ਵਾਲੇ ਵੀਜ਼ੇ ਉਪਰ ਸਫਰ ਕਰਨ ਦੀ ਸਹੂਲਤ ਖਤਮ ਹੋ ਗਈ ਹੈ, ਇਸ ਦਾ ਤੁਹਾਡੇ ਉਪਰ ਬੁਰਾ ਪ੍ਰਭਾਵ ਪਵੇਗਾ। ਵੇਰਵਿਆਂ ਲਈ 'ਪੱਕੇ ਵਸਨੀਕਾਂ ਦਾ ਵਾਪਸੀ ਵੀਜ਼ਾ' ਵੇਖੋ।